**WILMA QUAN**

ਸਿਟੀ ਮੈਨੇਜਰ

**ਐਮਰਜੈਂਸੀ ਆਰਡਰ 2020-19**

**ਸਿਟੀ ਹਾੱਲ ਵਿੱਚ ਮੀਟਿੰਗਾਂ**

ਫਰੈਜ਼ਨੋ ਨਗਰ ਪਾਲਿਕਾ ਕੋਡ ਸੈਕਸ਼ਨ 2-506 ਦੇ ਮੁਤਾਬਕ ਐਮਰਜੈਂਸੀ ਸੇਵਾਵਾਂ ਦੇ ਡਾਇਰੈਕਟਰ ਹੋਣ ਦੇ ਨਾਤੇ, ਮੈਂ ਹੇਠ ਦਿੱਤੇ ਆਰਡਰ ਜਾਰੀ ਕਰਦੀ ਹਾਂ, ਜਿਹਨਾਂ ਨੂੰ ਤੁਰੰਤ ਪ੍ਰਭਾਵ ਵਿੱਚ ਲਿਆਇਆ ਜਾਵੇ ਅਤੇ ਇਹ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ COVID-19 ਦੇ ਸਬੰਧ ਵਿੱਚ ਇਸ ਸ਼ਹਿਰ ਵਿੱਚ ਘੋਸ਼ਿਤ ਕੀਤੀ ਗਈ ਐਮਰਜੈਂਸੀ ਪ੍ਰਭਾਵੀ ਰਹਿੰਦੀ ਹੈ:

1. ਇਹ ਐਮਰਜੈਂਸੀ ਆਰਡਰ ਐਮਰਜੈਂਸੀ ਆਰਡਰ 2020-12 ਨੂੰ ਹਟਾ ਕੇ ਉਸਦੀ ਥਾਂ ਲੈਂਦਾ ਹੈ।

2. ਸਾਰੀਆਂ ਸ਼ਹਿਰੀ ਜਨਤਕ ਮੀਟਿੰਗਾਂ ਇਲੈਕਟ੍ਰਾਨਿਕ ਤੌਰ ‘ਤੇ (ਵੈੱਬ ਅਤੇ ਟੈਲੀਫੋਨ) ਆਯੋਜਿਤ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਸਿਟੀ ਸੂਚਨਾ ਸੇਵਾਵਾਂ ਵਿਭਾਗ ਸ਼ਹਿਰ ਦਿਆਂ ਅਧਿਕਾਰੀਆਂ ਅਤੇ ਜਨਤਾ ਲਈ ਦੂਰ ਦੁਰਾਡੇ ਤੋਂ ਭਾਗੀਦਾਰੀ ਦੀ ਸਹੂਲਤ ਦੇਣ ਲਈ ਸਾਰੇ ਸੰਭਵ ਉਪਾਵਾਂ ਨੂੰ ਪੂਰੀ ਤਰ੍ਹਾਂ ਲਾਗੂ ਕਰੇਗਾ।

3. ਕੌਂਸਲ ਚੈਂਬਰਾਂ ਵਿੱਚ ਹੋਣ ਵਾਲੀਆਂ ਮੀਟਿੰਗਾਂ ਦੇ ਦੌਰਾਨ ਜਨਤਕ ਭਾਗੀਦਾਰੀ ਨੂੰ ਛੱਡ ਕੇ ਸਿਟੀ ਹਾੱਲ ਜਨਤਾ ਲਈ ਬੰਦ ਰਹੇਗਾ। ਸ਼ਹਿਰ ਦੇ ਸਾਰੇ ਅਧਿਕਾਰੀ ਅਤੇ ਕਰਮਚਾਰੀ ਇਲੈਕਟ੍ਰਾਨਿਕ ਤੌਰ ‘ਤੇ ਹਿੱਸਾ ਲੈ ਸਕਦੇ ਹਨ। ਇਸ ਸਮੇਂ ਸਿਟੀ ਹਾੱਲ ਵਿੱਚ ਕੋਈ ਹੋਰ ਵਿਅਕਤੀਗਤ ਜਨਤਕ ਸੇਵਾਵਾਂ ਪ੍ਰਭਾਵੀ ਨਹੀਂ ਹੋਣਗੀਆਂ।

4. ਕੌਂਸਲ ਚੈਂਬਰਾਂ ਦੀ ਸਮਰੱਥਾ ਅਤੇ ਬੈਠਣ ਲਈ ਵਿਵਸਥਾ ਸੀਮਤ ਹੋਵੇਗੀ, ਅਤੇ ਅੰਤਿਕਾ A ਦੇ ਮੁਤਾਬਕ ਸੁਰੱਖਿਆ ਅਤੇ ਸਮਾਜਕ ਦੂਰੀ ਨੂੰ ਯਕੀਨੀ ਬਣਾਉਣ ਲਈ ਵਧੇਰੇ ਉਪਾਅ ਲਾਗੂ ਕੀਤੇ ਜਾਣਗੇ।

ਸਿਟੀ ਆਫ਼ ਫਰੈਜ਼ਨੋ
ਸਿਟੀ ਹਾੱਲ • 2600 ਫਰੈਜ਼ਨੋ ਸਟ੍ਰੀਟ • ਫਰੈਜ਼ਨੋ, ਕੈਲੀਫੋਰਨੀਆ 93721-3600
(559) 621-7770 • ਫੈਕਸ (559) 621-7776 • www.fresno.gov

5. ਪ੍ਰਧਾਨ ਅਧਿਕਾਰੀ ਸਿਹਤ ਅਤੇ ਸੁਰੱਖਿਆ ਸਬੰਧੀ ਜੋਖਮਾਂ ਨੂੰ ਘਟਾਉਣ ਅਤੇ ਭਾਗੀਦਾਰੀ ਨੂੰ ਅਨੁਕੂਲਤ ਕਰਨ ਲਈ ਮੀਟਿੰਗ ਤੋਂ ਪਹਿਲਾਂ ਜਾਂ ਇਸਦੇ ਦੌਰਾਨ ਵਧੇਰੇ ਹਿਦਾਇਤ ਪ੍ਰਦਾਨ ਕਰ ਸਕਦਾ ਹੈ।

6. ਇਸ ਆਰਡਰ ਨੂੰ ਫੌਰਨ ਸਪੈਨਿਸ਼, ਹਮੌਂਗ ਅਤੇ ਪੰਜਾਬੀ ਵਿੱਚ ਅਨੁਵਾਦਿਤ ਕੀਤਾ ਜਾਏਗਾ, ਅਤੇ ਇਸਦੀ ਸਮੱਗਰੀ ਨੂੰ ਪੜ੍ਹਨ ਲਈ ਸਾਰੇ ਅਪਾਹਜ ਵਿਅਕਤੀਆਂ ਨੂੰ ਸਮਾਯੋਜਨ ਪ੍ਰਦਾਨ ਕੀਤੇ ਜਾਣਗੇ; ਸਿਟੀ ਦੀ ਵੈੱਬਸਾਈਟ 'ਤੇ ਪ੍ਰਮੁੱਖਤਾ ਨਾਲ ਉਪਲੱਬਧ ਕਰਵਾਇਆ ਜਾਏਗਾ।

7. ਇਸ ਆਰਡਰ ਨੂੰ ਕਿਸੇ ਵੀ ਸਮੇਂ ਸੰਸ਼ੋਧਤ ਜਾਂ ਰੱਦ ਕੀਤਾ ਜਾ ਸਕਦਾ ਹੈ, ਅਤੇ ਕਿਸੇ ਵੀ ਇਕਰਾਰਨਾਮੇ ਦੀਆਂ ਜ਼ਿੰਮੇਵਾਰੀਆਂ, ਜਾਇਦਾਦ ਦੇ ਅਧਿਕਾਰ ਜਾਂ ਸਿਟੀ 'ਤੇ ਕੋਈ ਜ਼ਿੰਮੇਵਾਰੀ ਲਾਗੂ ਕਰਨ ਲਈ ਨਹੀਂ ਮੰਨਿਆ ਜਾਵੇਗਾ।

8. ਜੇ ਇਸ ਆਰਡਰ ਦੀ ਕੋਈ ਵੀ ਧਾਰਾ ਜਾਂ ਕਿਸੇ ਵੀ ਵਿਅਕਤੀ ਜਾਂ ਹਾੱਲਾਤ 'ਤੇ ਇਸ ਨੂੰ ਲਾਗੂ ਕਰਨਾ ਅਯੋਗ ਠਹਿਰਾਇਆ ਜਾਂਦਾ ਹੈ, ਤਾਂ ਇਸ ਆਰਡਰ ਦਾ ਬਾਕੀ ਹਿੱਸਾ, ਜਾਂ ਅਜਿਹੇ ਹਿੱਸੇ ਨੂੰ ਹੋਰ ਵਿਅਕਤੀਆਂ ਜਾਂ ਹਾਲਤਾਂ ਤੇ ਲਾਗੂ ਕਰਨ ਸਮੇਤ, ਪ੍ਰਭਾਵਤ ਨਹੀਂ ਹੋਵੇਗਾ ਅਤੇ ਪੂਰੀ ਤਰ੍ਹਾਂ ਪ੍ਰਭਾਵੀ ਰਹੇਗਾ। ਇਸ ਕਰਕੇ, ਇਸ ਆਰਡਰ ਦੀਆਂ ਧਾਰਾਵਾਂ ਵੱਖ-ਵੱਖ ਕੀਤੇ ਜਾਣ ਯੋਗ ਹਨ।

ਅਜਿਹਾ ਆਦੇਸ਼ ਦਿੱਤਾ ਜਾਂਦਾ ਹੈ।

ਕਾਰੋਬਾਰੀ ਸੇਵਾਵਾਂ ਦੇ ਡਾਇਰੈਕਟਰ

| | | |
|---|---|---|
| ______________________ | 25 ਜੂਨ 2020 | ਸਵੇਰੇ 08:00 ਵਜੇ |
| Wilma Quan | ਤਾਰੀਖ਼ | ਸਮਾਂ |
| ਸਿਟੀ ਮੈਨੇਜਰ | | |

ਅੰਤਿਕਾ A:

# ਕੌਂਸਲ ਚੈਂਬਰ ਦੁਬਾਰਾ ਖੋਲਣਾ

## ਸਮਰੱਥਾ ਦਾ ਵਿਸ਼ਲੇਸ਼ਣ

ਸਮਾਜਕ ਦੂਰੀ ਸਬੰਧੀ ਹਿਦਾਇਤ ਮੁਤਾਬਕ ਲੋਕਾਂ ਦੇ ਗੁਜ਼ਰਨ ਲਈ ਰਾਹਾਂ ਸਮੇਤ ਜਨਤਕ ਸੈਟਿੰਗ ਵਿੱਚ ਲੋਕਾਂ ਵਿਚਕਾਰ ਛੇ ਫੁੱਟ ਦੀ ਵਿੱਥ ਹੋਣੀ ਚਾਹੀਦੀ ਹੈ। ਕੌਂਸਿਲ ਚੈਂਬਰ ਇਨ੍ਹਾਂ ਹਿਦਾਇਤਾਂ ਦੀ ਪਾਲਣਾ ਉਦੋਂ ਤੱਕ ਕਰ ਸਕਦੇ ਹਨ ਜਦੋਂ ਤੱਕ ਕੁੱਝ ਵਿਸ਼ੇਸ਼ ਪਾਬੰਦੀਆਂ ਲਾਗੂ ਨਹੀਂ ਹੁੰਦੀਆਂ ਹਨ।

### ਸਖਤ ਸਪੱਸ਼ਟੀਕਰਨ

ਛੇ ਫੁੱਟ ਦੀ ਲੋੜ ਦੇ ਸਖਤ ਸਪੱਸ਼ਟੀਕਰਨ ਨਾਲ, ਕੌਂਸਲ ਚੈਂਬਰ ਹੇਠ ਲਿਖਿਆਂ ਦੀ ਪਾਲਣਾ ਕਰ ਸਕਦੇ ਹਨ:

ਡਾਇਸ - 6 ਵਿਅਕਤੀ

ਪਿਟ - 5 ਵਿਅਕਤੀ

ਗੈਲਰੀ - 12 ਸਰੋਤੇ, 1 ਸੁਰੱਖਿਆ ਗਾਰਡ, 1 ਮਾਨੀਟਰ, 1 ਪਹੁੰਚਯੋਗ ਸੀਟ

ਫੌਇਰ - 14 ਸਰੋਤੇ, ਕਤਾਰਬੱਧ

ਮੀਡੀਆ - ਕੋਈ ਨਿਰਧਾਰਤ ਸਥਾਨ ਨਹੀਂ (ਭਾਵ ਜਨਤਕ ਸਥਾਨ ਦੇ ਮੈਂਬਰ ਦੀ ਵਰਤੋਂ ਕਰੇਗਾ)

### ਆਉਣ-ਜਾਣ ਲਈ ਲਚਕਦਾਰ ਮਿਆਰਾਂ

ਆਉਣ-ਜਾਣ ਲਈ ਵਧੇਰੇ ਲਚਕਦਾਰ ਮਿਆਰਾਂ ਦੇ ਨਾਲ, ਵਧੇਰੇ ਸਰੋਤਿਆਂ ਦੀ ਵਿਵਸਥਾ ਕੀਤੀ ਜਾ ਸਕਦੀ ਹੈ:

ਡਾਇਸ - 6 ਵਿਅਕਤੀ

ਪਿਟ - 5 ਵਿਅਕਤੀ

ਮੀਡੀਆ - 2 ਨਿਸ਼ਚਤ ਪਲੇਸਮੈਂਟ, ਵਰਤੀ ਗਈ ਕਿਸੇ ਵੀ ਸੀਟ ਨਾਲ ਚੈਂਬਰਾਂ ਦੀ ਪੂਰਣ ਸਮਰੱਥਾ ਘੱਟ ਜਾਂਦੀ

ਹੈ ਗੈਲਰੀ - 16 ਸਰੋਤੇ, 1 ਸੁਰੱਖਿਆ ਗਾਰਡ, 1 ਮਾਨੀਟਰ, 1 ਪਹੁੰਚਯੋਗ ਸੀਟ

ਫੋਇਰ - 14 ਸਰੋਤੇ, ਕਤਾਰਬੱਧ

# ਕਾਰਵਾਈ

ਇਹ ਯਕੀਨੀ ਬਣਾਉਣ ਲਈ ਕਿ ਸਿਟੀ FCDPH ਦੀਆਂ ਸ਼ਰਤਾਂ ਨੂੰ ਪੂਰਾ ਕਰਦੀ ਹੈ, ਸਾਰਿਆਂ ਕਰਮਚਾਰੀਆਂ ਨੂੰ ਕੰਮ ਦੀ ਥਾਂ ਵਿੱਚ ਦਾਖਲ ਹੋਣ ਤੋਂ ਪਹਿਲਾਂ ਸਵੈ-ਸਕ੍ਰੀਨਿੰਗ ਕਰਨੀ ਹੋਵੇਗੀ ਅਤੇ ਆਮ ਲੋਕਾਂ ਦੇ ਦਾਖਲ ਹੋਣ ਤੋਂ ਪਹਿਲਾਂ ਉਹਨਾਂ ਦੀ ਸਕ੍ਰੀਨਿੰਗ ਕੀਤੀ ਜਾਵੇਗੀ। ਸਕ੍ਰੀਨਿੰਗ ਦੌਰਾਨ ਸਕ੍ਰੀਨਿੰਗ ਸਬੰਧੀ ਸਵਾਲਾਂ ਵਿੱਚ ਮੌਜੂਦਾ FCDPH ਹਿਦਾਇਤਾਂ ਦੀ ਪਾਲਣਾ ਕੀਤੀ ਜਾਵੇਗੀ।

## ਪੂਰਵ-ਐਂਟਰੀ

ਸਿਟੀ ਵਿੱਚ, ਉਪਰੋਕਤ ਦੱਸੇ ਮੁਤਾਬਕ ਇਮਾਰਤ ਵਿੱਚ ਵੱਧ ਤੋਂ ਵੱਧ ਸੰਖਿਆ ਵਿੱਚ ਲੋਕਾਂ ਦਾ ਦਾਖਲ ਹੋਣਾ ਯਕੀਨੀ ਬਣਾਉਣ ਲਈ ਦਰਵਾਜ਼ੇ ਦੇ ਬਾਹਰ ਇੱਕ ਸਟਾਫ ਮੈਂਬਰ ਤੈਨਾਤ ਕੀਤਾ ਜਾਵੇਗਾ। ਉਹ ਵਿਅਕਤੀ ਇਹ ਵੀ ਯਕੀਨੀ ਬਣਾਏਗਾ ਕਿ ਲੋਕ ਕੇਵਲ ਸਿਟੀ ਕੌਂਸਲ ਵੱਲ ਹੀ ਜਾਣ ਕਿਉਂਕਿ ਇਮਾਰਤ ਦੇ ਬਾਕੀ ਹਿੱਸੇ ਅਜੇ ਵੀ ਜਨਤਕ ਪਹੁੰਚ ਲਈ ਬੰਦ ਹਨ।

ਸਟਾਫ ਸੁਰੱਖਿਆ ਸਕ੍ਰੀਨਿੰਗ ਤੋਂ ਪਹਿਲਾਂ ਜਨਤਾ ਵਿੱਚ ਹਰ ਵਿਅਕਤੀ ਦੀ ਸਕ੍ਰੀਨਿੰਗ ਕਰਨ ਲਈ ਸਿਟੀ ਦੁਆਰਾ ਜਾਰੀ ਗੈਰ-ਸੰਪਰਕ ਤਾਪਮਾਨ ਸਕ੍ਰੀਨਿੰਗ ਉਪਕਰਣ ਦੀ ਵਰਤੋਂ ਕਰੇਗਾ। ਸਕ੍ਰੀਨਿੰਗ ਵਿੱਚ FCDPH ਦੀ ਮੌਜੂਦਾ ਪ੍ਰਸ਼ਨਾਵਲੀ ਦੀ ਜ਼ੁਬਾਨੀ ਤੌਰ ‘ਤੇ ਵਰਤੋਂ ਕੀਤੀ ਜਾਵੇਗੀ। ਜੇਕਰ ਕੋਈ ਵਿਅਕਤੀ ਸਾਰੇ ਸਵਾਲਾਂ ਦੇ ਜਵਾਬ 'ਨਹੀਂ' ਵਿੱਚ ਦਿੰਦਾ ਹੈ ਅਤੇ ਉਸਦਾ ਤਾਪਮਾਨ ਵੱਧ ਨਹੀਂ ਹੁੰਦਾ ਹੈ, ਅਤੇ ਚਿਹਰੇ ਨੂੰ ਢੱਕਿਆ ਹੁੰਦਾ ਹੈ, ਤਾਂ ਉਹ ਵਿਅਕਤੀ ਸੁਰੱਖਿਆ ਸਕ੍ਰੀਨਿੰਗ ਵਿਚੋਂ ਲੰਘ ਜਾਵੇਗਾ।

ਅਮਰੀਕੀ ਸੁਰੱਖਿਆ ਮਿਆਰੀ ਸੁਰੱਖਿਆ ਸਕ੍ਰੀਨਿੰਗ ਦੇ ਨਾਲ ਅੱਗੇ ਵਧੇਗੀ। ਹਰ ਵਿਅਕਤੀ ਦੇ ਸਕ੍ਰੀਨਿੰਗ ਵਿੱਚੋਂ ਲੰਘਣ ਤੋਂ ਬਾਅਦ, ਐਕਸ-ਰੇ ਮਸ਼ੀਨ ਅਤੇ ਬੈਲਟ ਲਈ ਜਨਤਾ ਦੁਆਰਾ ਵਰਤੀ ਜਾਣ ਵਾਲੀ ਹਰ ਬਾਲਟੀ ਨੂੰ ਇੱਕ ਸੈਨੀਟਾਈਜ਼ਿੰਗ ਕੱਪੜੇ ਅਤੇ ਸੈਨੀਟਾਈਜ਼ਿੰਗ ਸਪ੍ਰੇਅ ਜਾਂ ਪਹਿਲਾਂ ਤੋਂ ਗਿੱਲੇ ਇੱਕ ਸੈਨੀਟਾਈਜ਼ਿੰਗ ਵਾਈਪ ਨਾਲ ਚੰਗੀ ਤਰ੍ਹਾਂ ਸਾਫ਼ ਕੀਤਾ ਜਾਵੇਗਾ।

## ਐਂਟਰੀ

ਜਨਤਾ ਦਾ ਸਦੱਸ ਲਿਫਟ ਵੱਲ ਵਧੇਗਾ।

ਪਹਿਲੀ ਮੰਜ਼ਿਲ ਦੇ ਐਲੀਵੇਟਰ 'ਤੇ ਸਿਟੀ ਵਲੋਂ ਇੱਕ ਸਟਾਫ ਮੈਂਬਰ ਤੈਨਾਤ ਕੀਤਾ ਜਾਵੇਗਾ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇੱਕ ਸਮੇਂ ਵਿੱਚ ਵੱਖ-ਵੱਖ ਘਰਾਂ ਦੇ ਦੋ ਤੋਂ ਵੱਧ ਵਿਅਕਤੀ ਐਲੀਵੇਟਰ ਵਿੱਚ ਮੌਜੂਦ ਨਾ ਹੋਣ। ਉਹ ਸਥਿਤੀ ਅਤੇ ਸੰਚਾਲਨ ਦੇ ਸਬੰਧ ਵਿੱਚ ਸੁਰੱਖਿਆ ਜਾਂ ਬਾਹਰੀ ਮਾਨੀਟਰ ਨੂੰ ਹਿਦਾਇਤ ਦੇਣ ਲਈ ਐਲੀਵੇਟਰ ਤੋਂ ਪਹਿਲਾਂ ਕਤਾਰ ਲਗਾਉਣ ਲਈ ਵੀ ਨਿਗਰਾਨੀ ਰੱਖਣਗੇ। ਐਲੀਵੇਟਰ ਤੋਂ ਪਹਿਲਾਂ ਛੇ ਤੋਂ ਵੱਧ ਵਿਅਕਤੀਆਂ ਦੀ ਕਤਾਰ ਨਹੀਂ ਹੋ ਸਕਦੀ ਹੈ।

ਦੂਜੀ ਮੰਜ਼ਿਲ ਦੇ ਐਲੀਵੇਟਰ 'ਤੇ ਸਿਟੀ ਵਲੋਂ ਇੱਕ ਸਟਾਫ ਮੈਂਬਰ ਤੈਨਾਤ ਕੀਤਾ ਜਾਵੇਗਾ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇੱਕ ਸਮੇਂ ਵਿੱਚ ਵੱਖ-ਵੱਖ ਘਰਾਂ ਦੇ ਦੋ ਤੋਂ ਵੱਧ ਵਿਅਕਤੀ ਐਲੀਵੇਟਰ ਵਿੱਚ ਮੌਜੂਦ ਨਾ ਹੋਣ। ਉਹ ਐਲੀਵੇਟਰ ਤੋਂ ਪਹਿਲਾਂ ਕਤਾਰ ਲਗਾਉਣ ਲਈ ਵੀ ਨਿਗਰਾਨੀ ਰੱਖਣਗੇ, ਲੋਕਾਂ ਨੂੰ ਕੌਂਸਲ ਚੈਂਬਰਾਂ ਵੱਲ ਜਾਂ ਕੌਂਸਲ ਚੈਂਬਰਾਂ ਵਿੱਚ ਜਾਣ ਤੋਂ ਪਹਿਲਾਂ ਕਤਾਰ ਵਾਲੀ ਜਗ੍ਹਾ ਵੱਲ ਭੇਜਣਗੇ, ਅਤੇ ਚਿਹਰੇ ਨੂੰ ਢਕਣ ਦੀ ਨਿਗਰਾਨੀ ਰੱਖਣਗੇ।

ਸਿਟੀ ਕਲਰਕ ਇੱਕ 'ਵਰਚੁਅਲ' ਸਪੀਕਰ ਕਾਰਡ ਬਣਾਉਣ ਲਈ ਇੱਕ ਸਟਾਫ਼ ਮੈਂਬਰ ਨੂੰ ਇੱਕ ਆਈਪੈਡ ਸੌਂਪੇਗਾ, ਜੋ ਲਿਖਤੀ ਕਾਰਡਾਂ ਨਾਲ ਸਰੀਰਕ ਸੰਪਰਕ ਨੂੰ ਘਟਾਉਂਦਾ ਹੈ। ਜੇਕਰ ਜਨਤਾ ਵਿਚੋਂ ਕੋਈ ਵਿਅਕਤੀ ਕਿਸੇ ਵਿਸ਼ੇਸ਼ ਵਿਸ਼ੇ ‘ਤੇ ਕੁੱਝ ਬੋਲਣਾ ਚਾਹੁੰਦਾ ਹੈ ਤਾਂ ਉਹ ਆਪਣੇ ਬੋਲਣ ਦੀ ਇੱਛਾ ਅਤੇ ਉਸ ਵਿਸ਼ੇਸ਼ ਵਿਸ਼ੇ ਨੂੰ ਰਜਿਸਟਰ ਕਰਨ ਲਈ ਸਿਟੀ ਕਲਰਕ ਨਾਲ ਸੰਪਰਕ ਕਰੇ। ਇਹ ਜਾਣਕਾਰੀ ਜਨਤਕ ਟਿੱਪਣੀ ਲਈ ਕੌਂਸਲ ਪ੍ਰਧਾਨ ਨੂੰ ਭੇਜੀ ਜਾਵੇਗੀ।

ਸਿਟੀ ਵਿੱਚ ਸਮਾਜਕ ਦੂਰੀ, ਵੱਧ ਤੋਂ ਵੱਧ ਹਾਜ਼ਰੀ ‘ਤੇ ਨਿਗਰਾਨੀ ਰੱਖਣ ਅਤੇ ਜਨਤਕ ਵਰਤੋਂ ਲਈ ਬੈਠਣ ਦੀਆਂ ਨਿਰਧਾਰਤ ਥਾਵਾਂ ਦੀ ਸਫਾਈ ਲਈ ਕੌਂਸਲ ਚੈਂਬਰਾਂ ਵਿੱਚ ਇੱਕ ਸਟਾਫ ਮੈਂਬਰ ਤੈਨਾਤ ਕੀਤਾ ਜਾਵੇਗਾ। ਜਦੋਂ ਚੈਂਬਰ ਵਿੱਚ ਬੈਠਾ ਕੋਈ ਜਨਤਕ ਮੈਂਬਰ ਪੋਡੀਅਮ ‘ਤੇ ਕੁੱਝ ਬੋਲਦਾ ਹੈ, ਤਾਂ ਉਹ ਪੋਡੀਅਮ ਜਾਂ ਮਾਈਕ੍ਰੋਫੋਨ ਨੂੰ ਨਹੀਂ ਛੂਹੇਗਾ। ਬੋਲਣ ਤੋਂ ਬਾਅਦ, ਜੇਕਰ ਜਨਤਕ ਮੈਂਬਰ ਚੈਂਬਰ ਤੋਂ ਚਲਾ ਜਾਂਦਾ ਹੈ, ਤਾਂ ਉਸਦੀ ਸੀਟ ਨੂੰ ਸੈਨੀਟਾਈਜ਼ਿੰਗ ਸਪ੍ਰੇਅ ਨਾਲ ਸਾਫ਼ ਕੀਤਾ ਜਾਵੇਗਾ ਅਤੇ ਫੋਇਰ ਵਿੱਚ ਕਤਾਰ ਵਿੱਚ ਖੜ੍ਹੇ ਪਹਿਲੇ ਵਿਅਕਤੀ ਨੂੰ ਸੀਟ ‘ਤੇ ਭੇਜਿਆ ਜਾਵੇਗਾ।

ਸਿਟੀ ਵਿੱਚ ਜਨਤਾ ਨੂੰ ਕਤਾਰ ਵਾਲੀਆਂ ਥਾਵਾਂ ਵੱਲ ਭੇਜਣ ਲਈ ਫੋਇਰ ਵਿੱਚ ਇੱਕ ਸਟਾਫ ਮੈਂਬਰ ਨੂੰ ਤੈਨਾਤ ਕੀਤਾ ਜਾਵੇਗਾ, ਮੰਗ ਕੀਤੇ ਜਾਣ ‘ਤੇ ਕੁਰਸੀਆਂ ਮੁਹੱਈਆ ਕਰਵਾਈਆਂ ਜਾਣ ਅਤੇ ਲੋੜ ਮੁਤਾਬਕ ਕੁਰਸੀਆਂ ਨੂੰ ਸੈਨੀਟਾਈਜ਼ ਕੀਤਾ ਜਾਵੇ। ਕੌਂਸਲ ਚੈਂਬਰਾਂ ਵਿੱਚ ਸਾਰੀਆਂ ਸੀਟਾਂ ਭਰ ਜਾਣ ਤੋਂ ਬਾਅਦ, ਜਨਤਾ ਨੂੰ ਫੋਇਰ ਵਿੱਚ ਕੌਂਸਲ ਚੈਂਬਰਸ ਵੱਲ ਜਾਂਦੀਆਂ ਉੱਤਰੀ ਪੌੜੀਆਂ ਵਿੱਚ ਉੱਤਰ ਵੱਲੋਂ ਭੇਜਿਆ ਜਾਵੇਗਾ, ਇਸਦੇ ਬਾਅਦ ਕੌਂਸਲ ਚੈਂਬਰਸ ਵੱਲ ਜਾਂਦੀਆਂ ਦੱਖਣੀ ਪੌੜੀਆਂ ਵਿੱਚ ਦੱਖਣ ਵੱਲੋਂ ਭੇਜਿਆ ਜਾਵੇਗਾ।

ਦੂਸਰੀ ਮੰਜ਼ਲ 'ਤੇ ਨਿਗਰਾਨੀ ਰੱਖਣ ਵਾਲੇ ਕਰਮਚਾਰੀ ਲੋਕਾਂ ਨੂੰ ਇਹ ਯਾਦ ਦਿਲਾਉਣਗੇ ਕਿ ਮੀਟਿੰਗ ਸ਼ੁਰੂ ਹੋ ਗਈ ਹੈ ਅਤੇ ਫੌਇਰ ਵਿੱਚ ਕਤਾਰ ਅਤੇ ਚੈਂਬਰ ਵਿੱਚ ਸੀਟਾਂ 'ਤੇ ਸ਼ਾਂਤੀ ਬਣਾਏ ਰੱਖੋ। ਪੂਰੇ ਸਮੇਂ ਦੇ ਦੌਰਾਨ ਚਹਿਰੇ ਢਕੇ ਹੋਣੇ ਚਾਹੀਦੇ ਹਨ। ਘੱਟੋ ਘੱਟ ਛੇ ਫੁੱਟ ਦੀ ਸਮਾਜਕ ਦੂਰੀ ਲਾਜ਼ਮੀ ਹੈ।

## ਲੋਕਾਂ ਦੀ ਆਵਾਜਾਈ ਅਤੇ ਹਲਚਲ

ਜਨਤਾ ਦੁਆਰਾ ਕੌਂਸਲ ਚੈਂਬਰਾਂ ਵਿੱਚ ਹਰ ਹਲਚਲ ਉਸ ਸਥਾਨ 'ਤੇ ਸਥਾਪਤ ਦਿਸ਼ਾ ਦੱਸਣ ਵਾਲੇ ਤੀਰਾਂ ਮੁਤਾਬਕ ਹੋਵੇਗੀ। ਕੇਂਦਰੀ ਆਇਲ ਹੇਠਾਂ (ਪੂਰਬ) ਵੱਲ, ਸਾਈਡ ਦੀ ਆਇਲਸ ਉੱਪਰ (ਪੱਛਮ) ਵੱਲ, ਅੱਗੇ ਦੀ ਆਇਲਸ ਬਾਹਰ (ਉੱਤਰ/ਦੱਖਣ) ਵੱਲ, ਅਤੇ ਪਿਛਲੀ ਆਇਲਸ ਅੰਦਰ (ਦੱਖਣ/ਉੱਤਰ) ਵੱਲ ਹੋਣਗੀਆਂ। ਮਾਨੀਟਰ ਅਤੇ ਸੁਰੱਖਿਆ ਗਾਰਡ ਉਦੋਂ ਤੱਕ ਕਿਸੇ ਵੀ ਦਿਸ਼ਾ ਵਿੱਚ ਜਾ ਸਕਦੇ ਹਨ ਜਦੋਂ ਤੱਕ ਉਹ ਆਇਲ ਵਿੱਚ ਮੌਜੂਦ ਕਿਸੇ ਜਨਤਕ ਮੈਂਬਰ ਦੇ ਨੇੜੇ ਤੋਂ ਨਹੀਂ ਲੰਘਦੇ ਹਨ। ਕੋਈ ਵੀ ਵਿਅਕਤੀ ਹੋਰਾਂ ਜਨਤਕ ਮੈਂਬਰਾਂ ਨੂੰ ਪਾਰ ਕਰਦੇ ਹੋਏ ਸੀਟਾਂ ਦੀ ਕਤਾਰ ਵਿਚੋਂ ਨਹੀਂ ਲੰਘ ਸਕਦਾ ਹੈ।

ਕੌਂਸਲ ਚੈਂਬਰਾਂ ਵਿੱਚ ਜਾਂ ਜਨਤਕ ਕਤਾਰਾਂ ਦੀਆਂ ਥਾਵਾਂ ਵਿੱਚ ਹਰ ਜਨਤਕ ਮੈਂਬਰ ਨੂੰ ਜਨਤਕ ਟਿੱਪਣੀ ਦੇ ਦੌਰਾਨ ਬੋਲਣ ਦੀ ਇਜਾਜ਼ਤ ਹੋਵੇਗੀ। ਜੇਕਰ ਕੋਈ ਮੈਂਬਰ ਫੌਅਰ ਵਿੱਚ ਹੁੰਦਾ ਹੈ, ਤਾਂ ਉਹ ਮਾਨੀਟਰ ਨੂੰ ਸੂਚਿਤ ਕਰੇਗਾ ਕਿ ਉਹ ਕੁੱਝ ਕਹਿਣਾ ਚਾਹੁੰਦਾ ਹੈ ਅਤੇ ਕੌਂਸਲ ਚੈਂਬਰ ਵਿੱਚ ਮੌਜੂਦ ਲੋਕਾਂ ਨੂੰ ਆਪਣੀ ਟਿੱਪਣੀ ਦੇਣ ਦਾ ਮੌਕਾ ਮਿਲ ਜਾਣ ਤੋਂ ਬਾਅਦ ਮਾਨੀਟਰ ਉਸਨੂੰ ਪੋਡੀਅਮ ਵੱਲ ਭੇਜ ਦੇਵੇਗਾ।

ਜੇਕਰ ਕੋਈ ਜਨਤਕ ਮੈਂਬਰ ਅਣਜਾਣੇ ਵਿੱਚ ਪੋਡਿਅਮ ਜਾਂ ਮਾਈਕ੍ਰੋਫੋਨ ਨੂੰ ਛੂਹ ਲੈਂਦਾ ਹੈ, ਤਾਂ ਕਿਸੇ ਨਵੇਂ ਜਨਤਕ ਮੈਂਬਰ ਦੁਆਰਾ ਪੋਡੀਅਮ ਵੱਲ ਆਉਣ ਤੋਂ ਪਹਿਲਾਂ ਮਾਨੀਟਰ ਇਸਨੂੰ ਸਾਫ਼ ਕਰ ਦੇਵੇਗਾ।

ਜਦੋਂ ਕੋਈ ਜਨਤਕ ਮੈਂਬਰ ਆਪਣੀ ਟਿੱਪਣੀ ਦੇ ਦਿੰਦਾ ਹੈ, ਤਾਂ ਉਹ ਆਪਣੀ ਸੀਟ 'ਤੇ ਵਾਪਸ ਜਾ ਸਕਦਾ ਹੈ ਜਾਂ ਇਮਾਰਤ ਤੋਂ ਬਾਹਰ ਜਾ ਸਕਦਾ ਹੈ।

ਕਿਸੇ ਵੀ ਜਨਤਕ ਮੈਂਬਰ ਨੂੰ ਕਿਸੇ ਨਿਰਧਾਰਤ ਸੀਟ ਦੇ ਬਿਨ੍ਹਾ ਚੈਂਬਰ ਵਿੱਚ ਘੁੰਮਣ ਜਾਂ ਠਹਿਰਣ ਦੀ ਇਜਾਜ਼ਤ ਨਹੀਂ ਹੋਵੇਗੀ।

ਮੀਡੀਆ ਨੂੰ ਇੱਕ ਨਿਰਧਾਰਤ ਪਲੇਸਮੈਂਟ ਕੈਮਰਾ ਸਥਾਪਤ ਕਰਨ ਦੀ ਸਲਾਹ ਦਿੱਤੀ ਜਾਣੀ ਚਾਹੀਦੀ ਹੈ ਜੋ ਕਿ ਐਮਰਜੈਂਸੀ ਦੀ ਹਾਲਤ ਵਿੱਚ ਪਿਟ ਜਾਂ ਡਾਇਸ ਤੋਂ ਬਾਹਰ ਜਾਣ ਦਾ ਰਾਹ ਨਾ ਰੋਕੇ।

ਨਿਰਧਾਰਤ ਸੀਟਾਂ ਦੀ ਪਛਾਣ ਸੀਟ ਦੇ ਕਵਰ ਕੀਤੀ ਜਾਵੇਗੀ ਅਤੇ ਇਹਨਾਂ ਨੂੰ ਪਲਾਸਟਿਕ ਦੇ ਕਵਰ ਨਾਲ ਸੁਰੱਖਿਅਤ ਕੀਤਾ ਜਾਵੇਗਾ। ਨਿਰਧਾਰਤ ਸੀਟਾਂ ਨੂੰ ਬਾਕੀ ਕਤਾਰ ਤੋਂ ਬਾਹਰ ਕੀਤਾ ਜਾਵੇਗਾ ਅਤੇ ਨੇੜੇ ਦੀਆਂ ਕਤਾਰਾਂ ਨੂੰ ਰੱਸੀ ਨਾਲ ਬੰਦ ਕੀਤਾ ਜਾਵੇਗਾ।

ਜੇਕਰ ਸਿਟੀ ਕੌਂਸਲ ਬੰਦ ਹੋਏ ਕੇਸ ਨੂੰ ਮੁਲਤਵੀ ਕਰਦੀ ਹੈ ਜਾਂ ਦਾਖਲ ਹੁੰਦੀ ਹੈ, ਤਾਂ ਜਨਤਾ ਨੂੰ ਚੈਂਬਰਾਂ ਤੋਂ ਲੌਬੀ ਵਿੱਚ ਕਤਾਰ ਵਿੱਚ ਭੇਜਿਆ ਜਾਵੇਗਾ। ਵਧੇਰੇ ਜਨਤਾ ਨੂੰ ਇਮਾਰਤ ਅਤੇ ਕਤਾਰ ਤੋਂ ਬਾਹਰ ਕਰਨ ਲਈ ਵਾਪਸ ਐਲੀਵੇਟਰ ਵੱਲ ਭੇਜਿਆ ਜਾਵੇਗਾ ਜਦੋਂ ਤੱਕ ਢੁਕਵੀਂ ਜਗ੍ਹਾ ਨਾ ਬਣ ਜਾਵੇ।

### ਮੀਡੀਆ

ਮੀਡੀਆ ਨੂੰ ਕੌਂਸਲ ਚੈਂਬਰਾਂ ਵਿੱਚ ਦੋ ਨਿਰਧਾਰਤ ਪਲੇਸਮੈਂਟ ਕੈਮਰਿਆਂ ਦੀ ਇਜਾਜ਼ਤ ਹੋਵੇਗੀ। ਜੇਕਰ ਮੀਡੀਆ ਚੈਂਬਰ ਵਿੱਚ ਰਹਿਣ ਦੀ ਚੋਣ ਕਰਦਾ ਹੈ, ਤਾਂ ਉਹਨਾਂ ਨੂੰ ਜਨਤਾ ਲਈ ਨਿਰਧਾਰਤ ਸੀਟ ਦੀ ਵਰਤੋਂ ਕਰਨੀ ਚਾਹੀਦੀ ਹੈ। ਸੰਚਾਰ ਡਾਇਰੈਕਟਰ ਇੰਟਰਵਿਊਜ਼ ਲਈ ਇੱਕ ਵਿਸ਼ੇਸ਼ ਖੇਤਰ ਦੀ ਚੋਣ ਕਰੇਗਾ ਅਤੇ ਉਹ ਮੀਡੀਆ ਦੀ ਵਰਤੋਂ ਲਈ ਬਾਲਕੋਨੀ ਖੋਲ੍ਹ ਸਕਦਾ ਹੈ। ਜੇਕਰ ਮੀਡੀਆ ਦੀ ਵਰਤੋਂ ਬਾਲਕੋਨੀ ਨੂੰ ਖੋਲ੍ਹਿਆ ਜਾਂਦਾ ਹੈ, ਤਾਂ ਇਹ ਚਾਰ (4) ਲੋਕਾਂ ਤੱਕ ਸੀਮਤ ਹੋਵੇਗੀ। ਕੇਵਲ ਨਿਰਧਾਰਤ ਸੀਟਾਂ ਦੀ ਵਰਤੋਂ ਹੀ ਕੀਤੀ ਜਾ ਸਕਦੀ ਹੈ ਅਤੇ ਕੌਂਸਲ ਦੀ ਮੀਟਿੰਗ ਦੇ ਅੰਤ ‘ਤੇ ਇਹਨਾਂ ਨੂੰ ਸੈਨੀਟਾਈਜ਼ ਕੀਤਾ ਜਾਵੇਗਾ।

## ਜਨਤਕ ਅਪਾਹਜ ਮੈਂਬਰ

ਜਨਤਕ ਅਪਾਹਜ ਮੈਂਬਰ ਜੋ ਯੋਗਤਾ ਪੂਰੀ ਕਰਨ ਵਾਲੀ ਅਪੰਗਤਾ ਕਾਰਨ ਕੁੱਝ ਸ਼ਰਤਾਂ ਨਾਲ ਕੁੱਝ ਹੱਦ ਤੱਕ ਜਾਂ ਪੂਰੀ ਤਰ੍ਹਾਂ ਪਾਲਣ ਨਹੀਂ ਕਰ ਸਕਦੇ ਹਨ, ਉਹਨਾਂ ਨੂੰ ADA ਟਾਈਟਲ II ਲੋੜਾਂ ਮੁਤਾਬਕ ਸੇਵਾਵਾਂ ਜਾਂ ਲਾਭ ਤੋਂ ਇਨਕਾਰ ਨਹੀਂ ਕੀਤਾ ਜਾਣਾ ਚਾਹੀਦਾ ਹੈ। ਵਾਜਬ ਤਬਦੀਲੀਆਂ ਕੀਤੀਆਂ ਜਾਣ, ਜਿਵੇਂ ਕਿ ਅਪੰਗ ਨਜ਼ਰ ਆਉਂਦੇ ਵਿਅਕਤੀ ਨੂੰ ਇਜਾਜ਼ਤ ਦੇਣਾ ਉਸਨੂੰ ਸਟੈਂਡ ਵਿੱਚ ਬੈਠਣ ਤੋਂ ਰੋਕਦਾ ਹੈ ਜਾਂ ਸਾਹ ਸਬੰਧੀ ਅਪੰਗਤਾ ਵਾਲੇ ਵਿਅਕਤੀ ਨੂੰ ਦਾਖਲ ਕਰਵਾਉਣਾ ਜੋ ਉਹਨਾਂ ਨੂੰ ਸਮਾਜਕ ਦੂਰੀ ਦੀਆਂ ਲੋੜਾਂ ਨੂੰ ਕਾਇਮ ਰੱਖਦੇ ਹੋਏ ਮਾਸਕ ਪਹਿਨਣ ਤੋਂ ਰੋਕਦਾ ਹੈ।

# ਕਰਮਚਾਰੀਆਂ ਦੀਆਂ ਡਿਊਟੀਆਂ

### ਸਾਹਮਣੇ ਵਾਲਾ ਦਰਵਾਜਾ

ਸਾਹਮਣੇ ਦਰਵਾਜ਼ੇ 'ਤੇ ਤੈਨਾਤ ਕਰਮਚਾਰੀ ਸਿਟੀ ਕੌਂਸਲ ਲਈ ਜਨਤਕ ਤੌਰ' ਤੇ ਇਮਾਰਤ ਵਿੱਚ ਦਾਖਲ ਹੋਣ/ਬਾਹਰ ਜਾਣ ਵਾਲਿਆਂ ਵਿਅਕਤੀਆਂ ਦੀ ਗਿਣਤੀ ਕਰਨ ਲਈ ਜ਼ੁੰਮੇਵਾਰ ਹੋਵੇਗਾ ਜਿਸਦੀ ਵੱਧ ਤੋਂ ਵੱਧ ਸੀਮਾ 30 ਵਿਅਕਤੀਆਂ ਦੀ ਹੈ। ਉਹ ਜਨਤਾ ਨੂੰ ਚਿਹਰਾ ਢਕਣ ਲਈ ਕਹਿਣਗੇ ਅਤੇ ਉਨ੍ਹਾਂ ਨੂੰ ਸਿਹਤ ਜਾਂਚ ਅਤੇ ਸੁਰੱਖਿਆ ਸਕਰੀਨ ਵਿੱਚੋਂ ਲੰਘਣ ਲਈ ਕਿਹਾ ਜਾਵੇਗਾ।

## ਪਹਿਲੀ ਮੰਜ਼ਲ ਦੀ ਐਲੀਵੇਟਰ

ਐਲੀਵੇਟਰ ਵਿੱਚ ਤੈਨਾਤ ਕਰਮਚਾਰੀ ਇਹ ਯਕੀਨੀ ਬਣਾਉਣ ਲਈ ਜ਼ੁੰਮੇਵਾਰ ਹੋਵੇਗਾ ਕਿ ਵੱਖ-ਵੱਖ ਘਰਾਂ ਦੇ 2 ਤੋਂ ਵੱਧ ਵਿਅਕਤੀ ਇੱਕੋ ਸਮੇਂ ਐਲੀਵੇਟਰ ਵਿੱਚ ਦਾਖਲ ਨਾ ਹੋਣ। ਉਹ ਇਹ ਵੀ ਯਕੀਨੀ ਬਣਾਉਣਗੇ ਕਿ ਐਲੀਵੇਟਰ ਲਈ 3 ਤੋਂ ਵੱਧ ਵਿਅਕਤੀ ਕਤਾਰ ਵਿੱਚ ਨਾ ਖੜ੍ਹੇ ਹੋਣ ਅਤੇ ਇਹ ਕਿ ਜਨਤਾ ਕਿਸੇ ਹੋਰ ਥਾਵਾਂ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਨਾ ਕਰੇ (ਭਾਵ PSD ਜਾਂ ISD)।

## ਦੂਜੀ ਮੰਜ਼ਲ ਦੀ ਐਲੀਵੇਟਰ

ਐਲੀਵੇਟਰ ਵਿੱਚ ਤੈਨਾਤ ਕਰਮਚਾਰੀ ਇਹ ਯਕੀਨੀ ਬਣਾਉਣ ਲਈ ਜ਼ੁੰਮੇਵਾਰ ਹੋਵੇਗਾ ਕਿ ਵੱਖ-ਵੱਖ ਘਰਾਂ ਦੇ 2 ਤੋਂ ਵੱਧ ਵਿਅਕਤੀ ਇੱਕੋ ਸਮੇਂ ਐਲੀਵੇਟਰ ਵਿੱਚ ਦਾਖਲ ਨਾ ਹੋਣ। ਉਹ ਇਹ ਵੀ ਯਕੀਨੀ ਬਣਾਉਣਗੇ ਕਿ ਐਲੀਵੇਟਰ ਲਈ 3 ਤੋਂ ਵੱਧ ਵਿਅਕਤੀ ਕਤਾਰ ਵਿੱਚ ਨਾ ਖੜ੍ਹੇ ਹੋਣ ਅਤੇ ਇਹ ਕਿ ਜਨਤਾ ਕਿਸੇ ਹੋਰ ਥਾਵਾਂ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਨਾ ਕਰੇ (ਭਾਵ ਮੇਅਰ/ ਕੌਂਸਲ ਜਾਂ CAO)।

## ਗੈਲਰੀ ਮਾਨੀਟਰ

ਸਿਟੀ ਕੌਂਸਲ ਚੈਂਬਰਾਂ ਵਿੱਚ ਤੈਨਾਤ ਕਰਮਚਾਰੀ ਵੱਧ ਤੋਂ ਵੱਧ 16 ਵਿਅਕਤੀਆਂ ਦੇ ਬੈਠਣ ਦੀ ਵਿਵਸਥਾ ਕਰਨ ਅਤੇ ਬਾਕੀ ਜਨਤਕ ਮੈਂਬਰਾਂ ਦੀ ਕਤਾਰ ਬਣਾਉਣ ਲਈ ਜ਼ੁੰਮੇਵਾਰ ਹੋਵੇਗਾ। ਉਹ ਲੋੜ ਪੈਣ 'ਤੇ ਉਪਭੋਗਤਾਵਾਂ ਅਤੇ ਪੋਡਿਅਮ ਦੇ ਵਿਚਕਾਰ ਸੀਟਾਂ ਨੂੰ ਸੈਨੀਟਾਈਜ਼ ਕਰਨ ਲਈ ਵੀ ਜ਼ੁੰਮੇਵਾਰ ਹੋਣਗੇ। ਉਹ ਇਹ ਵੀ ਯਕੀਨੀ ਬਣਾਉਣਗੇ ਕਿ ਜਨਤਾ ਚੈਂਬਰ ਵਿੱਚ ਦੱਸੇ ਗਏ ਦਿਸ਼ਾ ਸਬੰਧੀ ਪ੍ਰਵਾਹ ਦੀ ਪਾਲਣਾ ਕਰੇ।

## ਫੌਇਰ ਮਾਨੀਟਰ

ਫੌਇਰ ਵਿੱਚ ਤੈਨਾਤ ਕਰਮਚਾਰੀ ਵਧੇਰੇ ਜਨਤਾ ਨੂੰ ਕਤਾਰ ਵਿੱਚ ਖੜ੍ਹਾ ਕਰਨ, ਬੇਨਤੀ ਕੀਤੇ ਜਾਣ 'ਤੇ ਕੁਰਸੀਆਂ ਮੁਹੱਈਆ ਕਰਵਾਉਣ ਅਤੇ ਲੋੜ ਮੁਤਾਬਕ ਕੁਰਸੀਆਂ ਨੂੰ ਸੈਨੀਟਾਈਜ਼ ਕਰਨ ਲਈ ਜ਼ੁੰਮੇਵਾਰ ਹੋਵੇਗਾ।

## ਰਾਹਤ

ਪੰਜਵਾਂ ਕਰਮਚਾਰੀ ਸਾਹਮਣੇ ਦੇ ਦਰਵਾਜ਼ੇ 'ਤੇ ਤੈਨਾਤ ਕਰਮਚਾਰੀ ਨੂੰ ਰਾਹਤ ਦੇਵੇਗਾ ਜੋ ਪਹਿਲੀ ਮੰਜ਼ਲ 'ਤੇ ਤੈਨਾਤ ਕਰਮਚਾਰੀ ਨੂੰ ਰਾਹਤ ਦੇਵੇਗਾ ਜੋ ਦੂਸਰੀ ਮੰਜ਼ਲ ਦੀ ਐਲੀਵੇਟਰ ਵਿੱਚ ਤੈਨਾਤ ਕਰਮਚਾਰੀ ਨੂੰ ਰਾਹਤ ਦੇਵੇਗਾ ਜੋ ਕੌਂਸਲ ਦੇ ਚੈਂਬਰਾਂ 'ਤੇ ਤੈਨਾਤ ਕਰਮਚਾਰੀ ਨੂੰ ਰਾਹਤ ਦੇਵੇਗਾ।

## ਕਥਾਨਕ

ਜਦੋਂ ਕੋਈ ਵਿਅਕਤੀ ਮੀਟਿੰਗ ਵਿੱਚ ਹਿੱਸਾ ਲੈਣ ਤੋਂ ਬਾਅਦ ਤਿੰਨ ਦਿਨਾਂ ਦੇ ਅੰਦਰ-ਅੰਦਰ COVID-19 ਲਈ ਸਕਾਰਾਤਮਕ ਪਾਇਆ ਜਾਂਦਾ ਹੈ ਤਾਂ ਸਿਟੀ ਹੇਠਾਂ ਦਿੱਤੇ ਗਏ ਪ੍ਰੋਟੋਕਾਲਾਂ ਦੀ ਪਾਲਣਾ ਕਰੇਗੀ। ਜੇਕਰ ਕਿਸੇ ਵਿਅਕਤੀ ਵਿੱਚ ਲੱਛਣ ਦਿਖਾਈ ਦਿੰਦੇ ਹਨ, ਪਰ ਉਹ COVID-19 ਲਈ ਟੈਸਟ ਨਹੀਂ ਕਰਵਾਉਂਦਾ ਹੈ, ਤਾਂ ਸਿਟੀ ਦੀ ਸਿਹਤਮੰਦ ਕਾਰਜ ਸਥਾਨ ਟਾਸਕ ਫੋਰਸ ਨੂੰ ਸੂਚਿਤ ਕੀਤਾ ਜਾਵੇਗਾ ਅਤੇ ਉਹ ਜਾਂਚ ਕਰੇਗਾ ਅਤੇ ਵਿਸ਼ੇਸ਼ ਕੀਟਾਣੂਨਾਸ਼ਕ ਪ੍ਰੋਟੋਕੋਲ ਲਈ ਨਿਰਦੇਸ਼ਿਤ ਕਰੇਗਾ।

## ਕੌਂਸਲ ਮੈਂਬਰ

ਜੇਕਰ ਕੌਂਸਲ ਚੈਂਬਰ ਵਿੱਚ ਕੌਂਸਲ ਮੀਟਿੰਗ ਤੋਂ ਬਾਅਦ ਤਿੰਨ ਦਿਨਾਂ ਦੇ ਅੰਦਰ-ਅੰਦਰ ਕੌਂਸਲ ਮੈਂਬਰਾਂ ਦੀ ਜਾਂਚ ਕੀਤੀ ਜਾਂਦੀ ਹੈ ਅਤੇ ਉਸਨੂੰ COVID-19 ਹੋਣ ਦੀ ਪੁਸ਼ਟੀ ਹੁੰਦੀ ਹੈ ਅਤੇ ਉਹ ਮੀਟਿੰਗ ਦੇ ਦੌਰਾਨ ਮੌਜੂਦ ਰਿਹਾ ਸੀ, ਤਾਂ ਵੀਡੀਓ ਰਿਕਾਰਡਿੰਗ ਰਾਹੀਂ ਇਹ ਨਿਰਧਾਰਤ ਕਰਨ ਲਈ ਡਾਇਸ 'ਤੇ ਉਨ੍ਹਾਂ ਦੇ ਸਮੇਂ ਦਾ ਮੁਲਾਂਕਣ ਕੀਤਾ ਜਾਵੇਗਾ ਕਿ 15 ਮਿੰਟ ਤੋਂ ਵੱਧ ਸਮੇਂ ਲਈ ਉਨ੍ਹਾਂ ਦੇ ਨੇੜੇ ਛੇ ਫੁੱਟ ਦੇ ਦਾਇਰੇ ਵਿੱਚ ਕਿਹੜੇ ਵਿਅਕਤੀ ਰਹੇ ਸਨ। ਇਸ ਤੋਂ ਇਲਾਵਾ, ਇਹ ਨਿਰਧਾਰਤ ਕਰਨ ਲਈ ਕੌਂਸਲ ਮੈਂਬਰ ਦਾ ਇੰਟਰਵਿਊ ਲਿਆ ਜਾਵੇਗਾ ਕਿ ਉਹ ਕਿਹੜੀਆਂ ਥਾਵਾਂ ‘ਤੇ ਗਏ ਸਨ ਅਤੇ ਉਸ ਦਿਨ ਅਤੇ ਅਗਲੇ ਦਿਨਾਂ ਵਿੱਚ ਸਿਟੀ ਹਾੱਲ ਵਿਖੇ ਉਹਨਾਂ ਦੀ ਕਿਹਨਾਂ ਲੋਕਾਂ ਨਾਲ ਗੱਲਬਾਤ ਹੋਈ ਸੀ।

ਉਨ੍ਹਾਂ ਲੋਕਾਂ ਨੂੰ 14 ਦਿਨਾਂ ਲਈ ਸਵੈ-ਆਈਸੋਲੇਟ ਰਹਿਣ ਲਈ ਕਿਹਾ ਜਾਵੇਗਾ। ਦੋਹੋਂ ਪਾਸੇ ਬੈਠੇ ਕੌਂਸਲ ਮੈਂਬਰਾਂ ਨੂੰ ਸੂਚਿਤ ਕੀਤਾ ਜਾਵੇਗਾ ਅਤੇ 14 ਦਿਨਾਂ ਲਈ ਉਨ੍ਹਾਂ ਨੂੰ ਆਪਣੇ-ਆਪ ਨੂੰ ਅੱਲਗ-ਥੱਲਗ ਰਹਿਣ ਲਈ ਕਿਹਾ ਜਾਵੇਗਾ। ਕੌਂਸਲ ਮੈਂਬਰ ਦਾ ਦਫਤਰ, ਕੌਂਸਲ ਦਫਤਰਾਂ ਦੀਆਂ ਸਾਰੀਆਂ ਸਾਂਝੀਆਂ ਥਾਵਾਂ ਅਤੇ ਡਾਇਸ ਵਿੱਚ ਸ਼ਾਮਲ ਥਾਵਾਂ ਨੂੰ ਸੈਨੀਟਾਈਜ਼ ਕੀਤਾ ਜਾਵੇਗਾ ਜਿੱਥੇ ਉਹ ਕੌਂਸਲ ਮੈਂਬਰ ਗਿਆ ਸੀ।

## ਸਟਾਫ਼ ਮੈਂਬਰ

ਜੇਕਰ ਕੌਂਸਲ ਚੈਂਬਰ ਵਿੱਚ ਕੌਂਸਲ ਮੀਟਿੰਗ ਤੋਂ ਬਾਅਦ ਤਿੰਨ ਦਿਨਾਂ ਦੇ ਅੰਦਰ-ਅੰਦਰ ਪਿਟ ਏਰੀਆ ਵਿੱਚ ਸ਼ਾਮਲ ਸਟਾਫ਼ ਮੈਂਬਰ ਜਾਂ ਪੋਡੀਅਮ 'ਤੇ ਸਪੀਕਰ ਦੀ ਜਾਂਚ ਕੀਤੀ ਜਾਂਦੀ ਹੈ ਅਤੇ ਉਸਨੂੰ COVID-19 ਹੋਣ ਦੀ ਪੁਸ਼ਟੀ ਹੁੰਦੀ ਹੈ ਅਤੇ ਉਹ ਮੀਟਿੰਗ ਦੇ ਦੌਰਾਨ ਮੌਜੂਦ ਰਿਹਾ ਸੀ, ਤਾਂ ਵੀਡੀਓ ਰਿਕਾਰਡਿੰਗ ਰਾਹੀਂ ਇਹ ਨਿਰਧਾਰਤ ਕਰਨ ਲਈ ਡਾਇਸ 'ਤੇ ਉਨ੍ਹਾਂ ਦੇ ਸਮੇਂ ਦਾ ਮੁਲਾਂਕਣ ਕੀਤਾ ਜਾਵੇਗਾ ਕਿ 15 ਮਿੰਟ ਤੋਂ ਵੱਧ ਸਮੇਂ ਲਈ ਉਨ੍ਹਾਂ ਦੇ ਨੇੜੇ ਛੇ ਫੁੱਟ ਦੇ ਦਾਇਰੇ ਵਿੱਚ ਕਿਹੜੇ ਵਿਅਕਤੀ ਰਹੇ ਸਨ। ਇਸ ਤੋਂ ਇਲਾਵਾ, ਇਹ ਨਿਰਧਾਰਤ ਕਰਨ ਲਈ ਕੌਂਸਲ ਮੈਂਬਰ ਦਾ ਇੰਟਰਵਿਊ ਲਿਆ ਜਾਵੇਗਾ ਕਿ ਉਹ ਕਿਹੜੀਆਂ ਥਾਵਾਂ ‘ਤੇ ਗਏ ਸਨ ਅਤੇ ਉਸ ਦਿਨ ਅਤੇ ਅਗਲੇ ਦਿਨਾਂ ਵਿੱਚ ਸਿਟੀ ਹਾੱਲ ਵਿਖੇ ਉਹਨਾਂ ਦੀ ਕਿਹਨਾਂ ਲੋਕਾਂ ਨਾਲ ਗੱਲਬਾਤ ਹੋਈ ਸੀ। ਉਨ੍ਹਾਂ ਲੋਕਾਂ ਨੂੰ 14 ਦਿਨਾਂ ਲਈ ਆਪਣੇ-ਆਪ ਨੂੰ ਅੱਲਗ-ਥੱਲਗ ਰਹਿਣ ਲਈ ਕਿਹਾ ਜਾਵੇਗਾ। ਸਟਾਫ ਮੈਂਬਰ ਦੇ ਵਰਕਸਟੇਸ਼ਨ ਅਤੇ ਕੰਮ ਦੇ ਦੌਰਾਨ ਦੌਰੇ ਕੀਤੀਆਂ ਜਾਣ ਵਾਲੀਆਂ ਆਮ ਥਾਵਾਂ ਨੂੰ ਸੈਨੀਟਾਈਜ਼ ਕੀਤਾ ਜਾਵੇਗਾ।

## ਸਪੀਕਰ

ਜੇਕਰ ਕੌਂਸਲ ਚੈਂਬਰ ਵਿੱਚ ਕੌਂਸਲ ਮੀਟਿੰਗ ਤੋਂ ਬਾਅਦ ਤਿੰਨ ਦਿਨਾਂ ਦੇ ਅੰਦਰ-ਅੰਦਰ ਜਨਤਕ ਮੈਂਬਰ ਦੀ ਜਾਂਚ ਕੀਤੀ ਜਾਂਦੀ ਹੈ ਅਤੇ ਉਸਨੂੰ COVID-19 ਹੋਣ ਦੀ ਪੁਸ਼ਟੀ ਹੁੰਦੀ ਹੈ ਅਤੇ ਉਹ ਮੀਟਿੰਗ ਦੇ ਦੌਰਾਨ ਮੌਜੂਦ ਰਿਹਾ ਸੀ, ਤਾਂ ਵੀਡੀਓ ਰਿਕਾਰਡਿੰਗ ਰਾਹੀਂ ਇਹ ਨਿਰਧਾਰਤ ਕਰਨ ਲਈ ਡਾਇਸ 'ਤੇ ਉਨ੍ਹਾਂ ਦੇ ਸਿਟੀ ਹਾੱਲ ਵਿੱਚ ਗੁਜ਼ਾਰੇ ਸਮੇਂ ਦਾ ਮੁਲਾਂਕਣ ਕੀਤਾ ਜਾਵੇਗਾ ਕਿ 15 ਮਿੰਟ ਤੋਂ ਵੱਧ ਸਮੇਂ ਲਈ ਉਨ੍ਹਾਂ ਦੇ ਨੇੜੇ ਛੇ ਫੁੱਟ ਦੇ ਦਾਇਰੇ ਵਿੱਚ ਕਿਹੜੇ ਵਿਅਕਤੀ ਰਹੇ ਸਨ। ਸਿਟੀ ਉਨ੍ਹਾਂ ਵਿਅਕਤੀਆਂ ਨੂੰ ਸੂਚਿਤ ਕਰਨ ਦੀ ਪੂਰੀ ਕੋਸ਼ਿਸ਼ ਕਰੇਗੀ ਜੋ ਉਸ ਜ਼ੋਨ ਦੇ ਅੰਦਰ ਸਨ। ਸਿਟੀ ਹਾੱਲ ਵਿੱਚ ਉਹਨਾਂ ਸਾਰੀਆਂ ਥਾਵਾਂ ਨੂੰ ਸੈਨੀਟਾਈਜ਼ ਕੀਤਾ ਜਾਵੇਗਾ ਜਿੱਥੇ ਉਹ ਜਨਤਕ ਮੈਂਬਰ ਗਿਆ ਸੀ।

## ਜਨਤਕ ਸਰੋਤੇ

ਜੇਕਰ ਕੌਂਸਲ ਚੈਂਬਰ ਵਿੱਚ ਕੌਂਸਲ ਮੀਟਿੰਗ ਤੋਂ ਬਾਅਦ ਤਿੰਨ ਦਿਨਾਂ ਦੇ ਅੰਦਰ-ਅੰਦਰ ਜਨਤਕ ਮੈਂਬਰ ਦੀ ਜਾਂਚ ਕੀਤੀ ਜਾਂਦੀ ਹੈ ਅਤੇ ਉਸਨੂੰ COVID-19 ਹੋਣ ਦੀ ਪੁਸ਼ਟੀ ਹੁੰਦੀ ਹੈ ਅਤੇ ਉਹ ਮੀਟਿੰਗ ਦੇ ਦੌਰਾਨ ਮੌਜੂਦ ਰਿਹਾ ਸੀ, ਤਾਂ ਵੀਡੀਓ ਰਿਕਾਰਡਿੰਗ ਰਾਹੀਂ ਇਹ ਨਿਰਧਾਰਤ ਕਰਨ ਲਈ ਡਾਇਸ 'ਤੇ ਉਨ੍ਹਾਂ ਦੇ ਸਿਟੀ ਹਾੱਲ ਵਿੱਚ ਗੁਜ਼ਾਰੇ ਸਮੇਂ ਦਾ ਮੁਲਾਂਕਣ ਕੀਤਾ ਜਾਵੇਗਾ ਕਿ 15 ਮਿੰਟ ਤੋਂ ਵੱਧ ਸਮੇਂ ਲਈ ਉਨ੍ਹਾਂ ਦੇ ਨੇੜੇ ਛੇ ਫੁੱਟ ਦੇ ਦਾਇਰੇ ਵਿੱਚ ਕਿਹੜੇ ਵਿਅਕਤੀ ਰਹੇ ਸਨ। ਸਿਟੀ ਉਨ੍ਹਾਂ ਵਿਅਕਤੀਆਂ ਨੂੰ ਸੂਚਿਤ ਕਰਨ ਦੀ ਪੂਰੀ ਕੋਸ਼ਿਸ਼ ਕਰੇਗੀ ਜੋ ਉਸ ਜ਼ੋਨ ਦੇ ਅੰਦਰ ਸਨ। ਸਿਟੀ ਹਾੱਲ ਵਿੱਚ ਉਹਨਾਂ ਸਾਰੀਆਂ ਥਾਵਾਂ ਨੂੰ ਸੈਨੀਟਾਈਜ਼ ਕੀਤਾ ਜਾਵੇਗਾ ਜਿੱਥੇ ਉਹ ਜਨਤਕ ਮੈਂਬਰ ਗਿਆ ਸੀ।